# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 98772-46588, +1 (418) 887-0162

Epaper World Punjabi Times | 23 ਮਾਰਚ 2024 ਦਿਨ ਸ਼ਨੀਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਇੰਟਰਨੈਸ਼ਨਲ ਮਿਲੇਨੀਅਮ ਸਕੂਲ ਵਿਖੇ ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ ਕੀਤੀ ਗਈ ਭੇਂਟ

ਵਰਲਡ ਪੰਜਾਬੀ ਟਾਈਮਜ਼ – ਟਿੰਕੂ ਕੁਮਾਰ



ਕੋਟਕਪੂਰਾ/ਪੰਜਗਰਾਈ ਕਲਾਂ, 23 ਮਾਰਚ: ਅੱਜ ਇੰਟਰਨੈਸ਼ਨਲ ਮਿਲੇਨੀਅਮ ਸਕੂਲ ਕੋਟਕਪੂਰਾ ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਉਂਦੇ ਹੋਏ ਉਨ੍ਹਾਂ ਦੀ ਫੋਟੋ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਸਕੂਲ ਦੇ ਚੇਅਰਮੈਨ ਜਸਕਰਨ ਸਿੰਘ ਨੇ ਕਿਹਾ ਕਿ ਭਗਤ ਸਿੰਘ ਦੀ ਕੁਰਬਾਨੀ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ, ਉਨ੍ਹਾਂ ਦੀ ਕੁਰਬਾਨੀ ਨੂੰ 92 ਸਾਲ ਹੋ ਗਏ ਹਨ। ਉਨ੍ਹਾਂ ਦੱਸਿਆ ਕਿ ਭਗਤ ਸਿੰਘ ਦਾ ਜਨਮ 27 ਸਤੰਬਰ 1907 ਨੂੰ ਹੋਇਆ ਸੀ, ਉਹ ਇੱਕ ਮਹਾਨ ਕ੍ਰਾਂਤੀਕਾਰੀ ਸੀ, ਸਾਨੂੰ ਉਨ੍ਹਾਂ ਵਰਗੇ ਮਹਾਨ ਕ੍ਰਾਂਤੀਕਾਰੀ ਨੂੰ ਆਪਣੇ ਮਨਾਂ ਵਿੱਚ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਇੰਟਰਨੈਸ਼ਨਲ ਮਿਲੇਨੀਅਮ ਸਕੂਲ ਦੇ ਬੱਚਿਆਂ ਨੂੰ ਸਮਾਰਟ ਬੋਰਡ ਦੀ ਮਦਦ ਨਾਲ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀਆਂ ਜੀਵਨੀਆਂ ਬਾਰੇ ਦੱਸਿਆ ਗਿਆ। ਇਸ ਦਿਨ ਬੱਚਿਆਂ ਨੇ ਉਨ੍ਹਾਂ ਦੀ ਸ਼ਹਾਦਤ ਦੀ ਯਾਦ ਵਿੱਚ ਇੱਕ ਐਕਟ ਪੇਸ਼ ਕੀਤਾ। ਬੱਚਿਆਂ ਨੂੰ ਇਨ੍ਹਾਂ ਮਹਾਨ ਯੋਧਿਆਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਕੂਲ ਦੇ ਚੇਅਰਮੈਨ ਜਸਕਰਨ ਸਿੰਘ ਸਮੇਤ ਸਮੂਹ ਸਟਾਫ਼ ਮੈਂਬਰ ਅਤੇ ਵਿਦਿਆਰਥੀ ਵੀ ਹਾਜ਼ਰ ਸਨ।

## ਪਿੰਡ ਉੂਰਨਾ ਦੀ ਸੰਗਤ ਵੱਲੋਂ ਹੋਲੇ ਮਹੱਲੇ ਮੌਕੇ ਲੰਗਰ ਲਗਾਇਆ

ਵਰਲਡ ਪੰਜਾਬੀ ਟਾਈਮਜ਼ – ਬਲਬੀਰ ਸਿੰਘ ਬੱਬੀ

ਮਾਛੀਵਾੜਾ ਸਾਹਿਬ 23 ਮਾਰਚ : ਸਮੁੱਚੇ ਪੰਜਾਬ ਵਿੱਚੋਂ ਸੰਗਤਾਂ ਸ੍ਰੀ ਆਨੰਦਪੁਰ ਸਾਹਿਬ ਨੂੰ ਦਰਸ਼ਨ ਦੀਦਾਰੇ ਕਰਦਿਆਂ ਹੋਇਆਂ ਰਸਤੇ ਵਿਚਲੇ ਧਾਰਮਿਕ ਸਥਾਨਾਂ ਉੱਤੇ ਵੀ ਨਤਮਸਤਕ ਹੁੰਦੀਆਂ ਹਨ। ਮਾਛੀਵਾੜਾ ਸਾਹਿਬ ਦੇ ਨੇੜਲੇ ਪਿੰਡ ਉੂਰਨਾ ਦੀ ਸੰਗਤ ਵੱਲੋਂ ਗੁਰੂ ਗੋਬਿੰਦ ਸਿੰਘ ਮਾਰਗ ਉੱਤੇ ਸੰਗਤਾਂ ਲਈ ਲੰਗਰਾਂ ਦੀ ਸੇਵਾ ਸ਼ੁਰੂ ਕੀਤੀ ਗਈ ਹੈ। ਪਿੰਡ ਉੂਰਨਾ ਦੀ ਸੰਗਤ ਤੇ ਬਾਬਾ ਜਗੀਰ ਸਿੰਘ ਢੋਲਣਵਾਲ ਵਾਲਿਆਂ ਦੇ ਸਹਿਯੋਗ ਨਾਲ ਇਹ ਲੰਗਰ ਪਿਛਲੇ ਸਾਲ ਤੋਂ ਸ਼ੁਰੂ ਕੀਤਾ ਤੇ ਲਗਾਤਾਰ ਚਲਾਇਆ ਜਾ ਰਿਹਾ ਹੈ। ਆਨੰਦਪੁਰ ਸਾਹਿਬ ਨੂੰ ਆ ਤੇ ਜਾ ਰਹੀ ਸੰਗਤ ਉੂਰਨਾਂ ਦੇ ਲੰਗਰ ਵਿੱਚ ਚਾਹ ਪਕੌੜਾ ਬਰੈਡ ਬੜੇ ਪ੍ਰੇਮ ਨਾਲ ਛਕਦੀਆਂ ਹਨ। ਇਸ ਮੌਕੇ ਬਾਬਾ ਇਕਬਾਲ ਸਿੰਘ ਉੂਰਨਾ, ਬਾਬਾ ਜਗੀਰ ਸਿੰਘ ਢੋਲਣਵਾਲ, ਦਵਿੰਦਰ ਸਿੰਘ ਸ਼ੱਬੀ, ਡਾਕਟਰ ਨਛੱਤਰ ਸਿੰਘ ਚੰਡੀਗੜ੍ਹ, ਸੁਖਦੇਵ ਸਿੰਘ ਬੀਜਾ, ਭਜਨ ਸਿੰਘ ਬੀਜਾ, ਸੁਰਿੰਦਰ ਸਿੰਘ ਬਿਜਲੀ ਮਕੈਨਿਕ ਗੜ੍ਹੀ, ਕਰਮਜੀਤ ਸਿੰਘ ਢੀਂਡਸਾ, ਸੋਨਾ ਉੂਰਨਾ,ਜਗਦੀਪ ਸਿੰਘ ਮੱਖਣ ਸਿੰਘ ਉੂਰਨਾ ਤੋਂ ਇਲਾਵਾ ਪੱਤਰਕਾਰ ਬਲਬੀਰ ਸਿੰਘ ਬੱਬੀ ਤੱਖਰਾਂ ਹਾਜ਼ਰ ਸਨ।



## ਆਜ਼ਾਦੀ ਦੇ ਪ੍ਰਵਾਨਿਆਂ ਨੂੰ ਬੂਟੇ ਲਗਾਕੇ ਸ਼ਰਧਾਂਜਲੀ ਭੇਂਟ ਕੀਤੀ।

ਵਰਲਡ ਪੰਜਾਬੀ ਟਾਈਮਜ਼

ਫ਼ਤਹਿਗੜ੍ਹ ਸਾਹਿਬ, 23 ਮਾਰਚ : ਭਾਰਤ ਨੂੰ ਗੋਰਿਆਂ ਤੋਂ ਆਜ਼ਾਦ ਕਰਵਾਉਣ ਵਾਲੇ ਮਹਾਨ ਸ਼ਹੀਦਾਂ ਨੂੰ ਸਦਾ ਯਾਦ ਰੱਖਣਾ ਚਾਹੀਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਰਾਹੁਲਦੀਪ ਸਿੰਘ ਬਾਸਕਟ ਬਾਲ ਕੋਚ, ਖੇਡ ਵਿਭਾਗ ਫ਼ਤਹਿਗੜ੍ਹ ਸਾਹਿਬ ਨੇ ਆਜ਼ਾਦੀ ਦੇ ਪ੍ਰਵਾਨਿਆਂ ਸ਼ਹੀਦ-ਏ-ਆਜ਼ਮ ਭਗਤ ਸਿੰਘ, ਸ਼ਹੀਦ ਰਾਜਗੁਰ ਤੇ ਸ਼ਹੀਦ ਸੁਖਦੇਵ ਵੱਲੋਂ 23 ਮਾਰਚ 1931ਈ: ਨੂੰ ਫਾਂਸੀ ਦਾ ਰੱਸਾ ਚੁੰਮ 'ਕੇ ਦਿੱਤੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਸਵੱਛ ਵਾਤਾਵਰਨ ਲਈ ਕਾਰਜ ਕਰ ਰਹੇ ਵਾਤਾਵਰਨ ਪ੍ਰੇਮੀ ਹਰਮਨਪ੍ਰੀਤ ਸਿੰਘ ਨਾਲ ਖੇਡ ਵਿਭਾਗ ਦੇ ਕੋਚ ਸਹਿਬਾਨਾਂ ਨੇ ਸ਼ਹੀਦਾਂ ਦੀ ਯਾਦ ਵਿੱਚ ਖੇਡ ਸਟੇਡੀਅਮ ਮਾਧੋਪੁਰ ਵਿਖੇ ਬੂਟੇ ਲਗਾਕੇ ਸ਼ਰਧਾਂਜਲੀ ਭੇਂਟ ਕੀਤੀ ਅਤੇ ਉਨ੍ਹਾਂ ਕਿਹਾ ਕਿ ਸਾਨੂੰ ਸਭ ਨੂੰ ਆਪਣੇ ਅਧਿਕਾਰਾਂ ਅਤੇ ਦੇਸ਼ ਪ੍ਰਤੀ ਫ਼ਰਜ਼ਾਂ ਨੂੰ ਸਮਜਦੇ ਹੋਏ, ਸ਼ਹੀਦੇ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੇ ਉਦੇਸ਼ਾਂ ਤੇ ਚੱਲਣ ਦਾ ਪ੍ਰਣ ਕਰਨਾ ਚਾਹੀਦਾ ਹੈ। ਇਸ ਮੌਕੇ ਸੁਖਦੀਪ ਸਿੰਘ ਫੁੱਟਬਾਲ ਕੋਚ, ਮਨਜੋਤ ਕੁਮਾਰ ਜਿਮਨਾਸਟਿਕ ਕੋਚ, ਭੁਪਿੰਦਰ ਕੌਰ ਐਥਲੈਟਿਕ ਕੋਚ, ਸਨੀ ਅਤੇ ਰੋਹਿਤ ਆਦਿ ਮੌਜੂਦ ਸਨ।



## ਬਠਿੰਡਾ ਤੋਂ ਵੀ ਉੱਠੀ ਮੈਡਮ ਪੂਨਮ ਕਾਂਗੜਾ ਦੇ ਹੱਕ ਵਿੱਚ ਆਵਾਜ਼

### ਲੋਕ ਸਭਾ ਸ਼੍ਰੀ ਫ਼ਤਹਿਗੜ੍ਹ ਸਾਹਿਬ ਤੋਂ ਟਿਕਟ ਦੇਣ ਦੀ ਕੀਤੀ ਮੰਗ

### ਮੈਡਮ ਪੂਨਮ ਕਾਂਗੜਾ ਨੇ ਹਜ਼ਾਰਾਂ ਲੋਕਾਂ ਨੂੰ ਇੰਨਸਾਫ਼ ਦਿਵਾਇਆ: ਜਰਨੈਲ ਸਿੰਘ ਬੱਲੂਆਣਾ

ਵਰਲਡ ਪੰਜਾਬੀ ਟਾਈਮਜ਼ – ਗੁਰਪ੍ਰੀਤ ਚਹਿਲ

ਬਠਿੰਡਾ 23 ਮਾਰਚ : ਲੋਕ ਸਭਾ ਚੋਣਾਂ ਦੇ ਚਲਦਿਆਂ ਵੱਖ ਵੱਖ ਵਰਗਾਂ ਵੱਲੋਂ ਆਪਣੇ ਆਪਣੇ ਆਗੂਆਂ ਨੂੰ ਚੋਣ ਲੜਾਉਣ ਦੀ ਮੰਗ ਕੀਤੀ ਜਾ ਰਹੀ ਹੈ। ਜਿਸ ਦੇ ਚਲਦਿਆਂ ਪੰਜਾਬ ਦੀ ਤੇਜ਼ ਤਰਾਰ ਮਹਿਲਾ ਲੀਡਰ ਸ਼੍ਰੀਮਤੀ ਪੂਨਮ ਕਾਂਗੜਾ ਐਸ ਸੀ ਕਮਿਸ਼ਨ ਪੰਜਾਬ ਨੂੰ ਲੋਕ ਸਭਾ ਹਲਕਾ ਸ਼੍ਰੀ ਫਤਿਹਗੜ੍ਹ ਸਾਹਿਬ ਤੋਂ ਕਾਂਗਰਸ ਪਾਰਟੀ ਦੀ ਟਿਕਟ ਦੇਣ ਦੀ ਮੰਗ ਜ਼ੋਰ ਫੜਦੀ ਜਾ ਰਹੀ ਹੈ। ਅੱਜ ਜਰਨੈਲ ਸਿੰਘ ਬੱਲੂਆਣਾ ਜ਼ਿਲ੍ਹਾ ਪ੍ਰਧਾਨ ਭਾਰਤੀਯ ਅੰਬੇਡਕਰ ਮਿਸ਼ਨ ਬਠਿੰਡਾ ਦਿਹਾਤੀ ਸਣੇ ਵੱਡੀ ਗਿਣਤੀ ਆਗੂਆਂ ਵੱਲੋਂ ਵੀ ਮੈਡਮ ਪੂਨਮ ਕਾਂਗੜਾ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਦਿਆਂ ਕਾਂਗਰਸ ਹਾਈਕਮਾਂਡ ਤੋਂ ਮੈਡਮ ਪੂਨਮ ਕਾਂਗੜਾ ਨੂੰ ਸ਼੍ਰੀ ਫਤਿਹਗੜ੍ਹ ਸਾਹਿਬ ਤੋਂ ਕਾਂਗਰਸ ਪਾਰਟੀ ਦੀ ਟਿਕਟ ਦੇਣ ਦੀ ਮੰਗ ਕੀਤੀ ਗਈ ਉਕਤ ਆਗੂਆਂ ਨੇ ਕਿਹਾ ਕਿ ਪੂਨਮ ਕਾਂਗੜਾ ਗਰੀਬ ਤੇ ਲਾਚਾਰ ਲੋਕਾਂ ਲਈ ਇੱਕ ਇਨਸਾਫ਼ ਦੀ ਕਿਰਨ ਹੈ ਜਿਨ੍ਹਾਂ ਪੰਜਾਬ ਭਰ ਵਿੱਚ ਹਜ਼ਾਰਾਂ ਲੋਕਾਂ ਨੂੰ ਇੰਨਸਾਫ਼ ਦਿਵਾਇਆ ਹੈ। ਮੈਡਮ ਪੂਨਮ ਕਾਂਗੜਾ ਇੱਕ ਬਹੁਤ ਹੀ ਮਿਹਨਤੀ ਅਤੇ ਦਲੇਰ ਮਹਿਲਾ ਹੈ ਜ਼ੋ ਨਿਡਰਤਾ ਨਾਲ ਸਮਾਜ ਦੀ ਸੇਵਾ ਕਰ ਰਹੀ ਹੈ ਅਜਿਹੀਆਂ ਮਹਿਲਾਵਾਂ ਨੂੰ ਹੀ ਦੇਸ਼ ਦੀ ਸਭ ਤੋਂ ਵੱਡੀ ਪੰਚਾਇਤ ਲੋਕ ਸਭਾ ਵਿੱਚ ਭੈਜਣਾ ਚਾਹੀਦਾ ਹੈ ਉਨ੍ਹਾਂ ਕਿਹਾ ਕਿ ਮੈਡਮ ਪੂਨਮ ਕਾਂਗੜਾ ਮੈਂਬਰ ਪਾਰਲੀਮੈਂਟ ਬਣ ਕੇ ਹੋਰ ਵੀ ਮਜ਼ਬੂਤੀ ਨਾਲ ਸਮਾਜ ਦੀ ਸੇਵਾ ਕਰਨਗੇ ਉਕਤ ਆਗੂਆਂ ਨੇ ਕਿਹਾ ਕਿ ਮੈਡਮ ਪੂਨਮ ਕਾਂਗੜਾ ਲੋਕ ਸਭਾ ਸ਼੍ਰੀ ਫ਼ਤਹਿਗੜ੍ਹ ਸਾਹਿਬ ਤੋਂ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਨਗੇ ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਦਾਰ ਜਰਨੈਲ ਸਿੰਘ ਬੱਲੂਆਣਾ ਜ਼ਿਲ੍ਹਾ ਪ੍ਰਧਾਨ ਦਿਹਾਤੀ ਬਠਿੰਡਾ। ਜਸਵੰਤ ਸਿੰਘ ਗੰਗਾ ਸੀਨੀਅਰ ਜ਼ਿਲ੍ਹਾ ਵਾਈਸ ਪ੍ਰਧਾਨ ਦਿਹਾਤੀ ਬਠਿੰਡਾ। ਕਰਨ ਕੁਮਾਰOSD, ਮੈਡਮ ਪੂਨਮ ਕਾਂਗੜਾ ਜੀ। ਕ੍ਰਿਸ਼ਨ ਸਿੰਘ ਜ਼ਿਲ੍ਹਾ ਵਾਈਸ ਪ੍ਰਧਾਨ ਬਠਿੰਡਾ। ਜਗਸੀਰ ਸਿੰਘ ਹਰਾਏਪੁਰ ਜ਼ਿਲ੍ਹਾ ਜਰਨਲ ਸਕੱਤਰ ਬਠਿੰਡਾ। ਬਲਵਿੰਦਰ ਸਿੰਘ ਬੁਰਜ ਮਹਿਮਾ ਜ਼ਿਲ੍ਹਾ ਖਜਾਨਚੀ ਬਠਿੰਡਾ ਦਿਹਾਤੀ।ਨਰਦੇਵ ਸਿੰਘ ਕਰਮਗੜ ਸੱਤਰਾਂ ਜ਼ਿਲ੍ਹਾ ਜਰਨਲ ਸਕੱਤਰ ਬਠਿੰਡਾ ਦਿਹਾਤੀ।ਪਾਲਾ ਰਾਮ ਸਰਪੰਚ ਮੱਲਵਾਲਾ ਸਕੱਤਰ ਪੰਜਾਬ। ਗੁਰਜੰਟ ਸਿੰਘ ਬੁਰਜ ਮਹਿਮਾ ਸਕੱਤਰ ਪੰਜਾਬ। ਸਕਿੰਦਰ ਸਿੰਘ ਹਰਰਾਏਪੁਰ ਸੂਬਾ ਯੂਥ ਸਕੱਤਰ।ਗੱਗੀ ਸਿੰਘ ਜੋਧਪੁਰ ਰੋਮਾਣਾ ਬਲਾਕ ਪ੍ਰਧਾਨ ਬਠਿੰਡਾ ਦਿਹਾਤੀ। ਸ਼ਮਿੰਦਰ ਸਿੰਘ ਖੜਕ ਸਿੰਘ ਵਾਲਾ ਬਲਾਕ ਪ੍ਰਧਾਨ ਸੰਗਤ। ਜਗਮੋਹਨ ਚੰਦ ਨਥਾਣਾ ਬਲਾਕ ਪ੍ਰਧਾਨ ਭੁੱਚੋ ਮੰਡੀ। ਜਗੀਰ ਸਿੰਘ ਗੰਗਾ ਬਲਾਕ ਕਮੇਟੀ ਮੈਂਬਰ। ਜਗਤਾਰ ਸਿੰਘ ਗੰਗਾ ਪੰਚ ਬਲਾਕ ਕਮੇਟੀ ਮੈਂਬਰ ਭੁੱਚੋ ਮੰਡੀ। ਅਮ੍ਰਿਤਪਾਲ ਸਿੰਘ ਹਰਰਾਏਪੁਰ ਜ਼ਿਲ੍ਹਾ ਸਕੱਤਰ ਬਠਿੰਡਾ ਦਿਹਾਤੀ ਤੋਂ ਇਲਾਵਾ ਡਾ ਗੁਰਜੀਤ ਚੌਹਾਨ ਸ਼ੋਸ਼ਲ ਮੀਡੀਆ ਕੁਆਰਡੀਨੇਟਰ ਅੰਬੇਦਕਰ ਮਿਸ਼ਨ ਬਠਿੰਡਾ ਦਿਹਾਤੀ ਨੇ ਵੀ ਕਾਗਰਸ ਪਾਰਟੀ ਤੋਂ ਮੈਡਮ ਪੂਨਮ ਕਾਂਗੜਾ ਜੀ ਨੂੰ ਫਤਿਹਗੜ੍ਹ ਸਾਹਿਬ ਤੋਂ ਲੋਕ ਸਭਾ ਟਿਕਟ ਦੇਣ ਦੀ ਮੰਗ ਕੀਤੀ।




## ਮਹਾਂ ਸਭਾ ਨੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਜੀ ਨੂੰ ਦਿੱਤੀ ਸ਼ਰਧਾਂਜਲੀ।

ਵਰਲਡ ਪੰਜਾਬੀ ਟਾਈਮਜ਼ – ਧਰਮ ਪ੍ਰਵਾਨਾਂ

ਫਰੀਦਕੋਟ 23 ਮਾਰਚ : ਅਰੋੜਾ ਮਹਾਂ ਸਭਾ ਵੱਲੋਂ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜਗੁਰੂ ਅਤੇ ਸੁਖਦੇਵ ਜੀ ਨੂੰ ਸ਼ਰਧਾਂਜਲੀ ਦੇਣ ਲਈ ਸਮਾਂਰੋਹ ਸਰਦਾਰ ਭਗਤ ਸਿੰਘ ਸਥਾਨਿਕ ਮਿਊਨਸੀਪਲ ਪਾਰਕ ਵਿਖੇ ਸਕੱਤਰ ਦਰਸ਼ਨ ਲਾਲ ਚੁੱਘ ਦੀ ਪ੍ਰਧਾਨਗੀ ਹੇਠ ਇਕੱਤਰਤਾ ਕੀਤੀ।

ਸਕੱਤਰ ਦਰਸ਼ਨ ਲਾਲ ਚੁੱਘ ਨੇ ਸਭ ਮੈਂਬਰਾਂ ਨੂੰ ਜੀ ਆਇਆ ਕਹਿੰਦੇ ਹੋਏ ਸ਼ਹੀਦਾਂ ਨੂੰ ਪ੍ਰਣਾਮ ਕਰਦਿਆਂ ਹੋਇਆਂ ਉਹਨਾਂ ਦੀ ਜੀਵਨੀ ਬਾਰੇ ਸੰਖੇਪ ਚਾਨਣਾ ਪਾਇਆ। ਇੰਜੀਨੀਅਰ ਬਲਵੰਤ ਰਾਏ ਗੱਖੜ ਨੇ ਸ਼ਹੀਦਾਂ ਨੂੰ ਪ੍ਰਣਾਮ ਕਰਦੇ ਹੋਏ ਆਪਣੀ ਕਵਿਤਾ ਰਾਹੀਂ ਸ਼ਰਧਾਂਜਲੀ ਅਰਪਤ ਕੀਤੀ।



ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਅਰੋੜਾ ਮਹਾਂ ਸਭਾ ਦੇ ਮੈਂਬਰ ਰਕੇਸ਼ ਕਟਾਰੀਆ, ਜਤਿਨ ਗੇਰਾ, ਸੰਦੀਪ ਮੌਂਗਾ, ਐਡਵੋਕੇਟ ਦਰਸ਼ਨ ਅਰੋੜਾ, ਗਰੀਸ ਸੁਖੀਜਾ , ਇੰਜੀਨੀਅਰ ਬਲਵੰਤ ਰਾਏ ਗੱਖੜ, ਦਿਨੇਸ਼ ਮਖੀਜਾ, ਅਮਿਤ ਸੋਨੀ,ਯੋਗੇਸ਼ ਕੁਮਾਰ, ਸਨੀ ਟੱਕਰ ,ਪ੍ਰਿੰਸ ਸੇਠੀ ,ਮਨੀਸ਼ ਗਰੋਵਰ ,ਧੀਰਜਪਾਲ ਸਿੰਘ ਤੇ ਇਲਾਵਾ ਹੋਰ ਵੀ ਬਹੁਤ ਸਾਰੇ ਮੈਂਬਰ ਹਾਜ਼ਰ ਸਨ

## 23 ਮਾਰਚ ਤੇ ਸ਼ਹੀਦਾਂ ਨੂੰ ਸਦਾ ਹੀ ਯਾਦ ਰੱਖਣਾ ਜਰੂਰੀ- ਸੁਰਿੰਦਰ ਛਿੰਦੀ

ਵਰਲਡ ਪੰਜਾਬੀ ਟਾਈਮਜ਼ – ਬਲਬੀਰ ਸਿੰਘ ਬੱਬੀ

ਸਮਰਾਲਾ ਮਾਛੀਵਾੜਾ ਸਾਹਿਬ 23 ਮਾਰਚ : ਅੱਜ 23 ਮਾਰਚ ਦੇ ਉਹ ਮਹਾਨ ਸ਼ਹੀਦ ਜਿਨਾਂ ਨੇ ਦੇਸ਼ ਦੀ ਕੁਰਬਾਨੀ ਲਈ ਆਪਾਂ ਵਾਰਿਆ, ਜਿਨਾਂ ਵਿੱਚ ਸ਼ਹੀਦ ਭਗਤ ਸਿੰਘ ਰਾਜਗੁਰੂ ਸੁਖਦੇਵ ਤੇ ਹੋਰ ਅਨੇਕਾਂ ਦੇਸ਼ ਭਗਤਾਂ ਨੇ ਦੇਸ਼ ਦੀ ਆਜ਼ਾਦੀ ਲਈ ਜਾਂਨਾਂ ਵਾਰੀਆਂ ਤੇ ਤੇ ਦੇਸ਼ ਦੀ ਆਜ਼ਾਦੀ ਵਿੱਚ ਹਿੱਸਾ ਪਾਇਆ ਇਹਨਾਂ ਸ਼ਹੀਦਾਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਉਹਨਾਂ ਨੂੰ ਸ਼ਰਧਾ ਦੇ ਫੁੱਲ ਮਾਛੀਵਾੜਾ ਦੇ ਵਿੱਚ ਭੇਂਟ ਕੀਤੇ । ਨੌਜਵਾਨ ਪੀੜ੍ਹੀ ਨੂੰ ਸ਼ਹੀਦਾਂ ਦੀ ਕੁਰਬਾਨੀ ਨੂੰ ਅਤੇ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਦੇ ਹੋਏ। ਨੌਜਵਾਨ ਪੀੜ੍ਹੀ ਨਸ਼ਿਆਂ ਤੋਂ ਦੂਰ ਰਹਿਣ ਚਾਹੀਦਾ ਹੈ। ਇਨਾ ਸ਼ਹੀਦਾਂ ਨੂੰ ਸਿਰਫ ਇਕ ਦਿਨ ਰਹੀ ਨਹੀਂ ਸਦਾ ਹੀ ਯਾਦ ਰੱਖਣਾ ਚਾਹੀਦਾ ਹੈ ਜਿਨਾਂ ਦੀ ਬਦੌਲਤ ਅਸੀਂ ਅੱਜ ਹਾਂ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਨੌਜਵਾਨ ਕਾਂਗਰਸੀ ਆਗੂ ਸੁਰਿੰਦਰ ਛਿੰਦੀ ਨੇ ਕੀਤਾ।ਸ਼ਹੀਦ ਭਗਤ ਸਿੰਘ ਰਾਜਗੁਰੂ ਸੁਖਦੇਵ ਵਲੋਂ ਗੁਲਾਮੀ ਨੂੰ ਦੂਰ ਕਰਨ ਲਈ ਆਪਣੀ ਸ਼ਹਾਦਤ ਦਿੱਤੀ ਗਈ ਉਹਨਾ ਇਹ ਵੀ ਕਿਹਾ ਕਿ ਪੰਜਾਬ ਵਿੱਚ ਆਪ ਸਰਕਾਰ ਭਗਤ ਸਿੰਘ ਦੀ ਸੋਚ ਇਨਕਲਾਬ ਜ਼ਿੰਦਾਬਾਦ ਲੈ ਕੇ ਆਈ ਸੀ ਪਰ ਇਹਨਾਂ ਨੇ ਸ਼ਹੀਦਾਂ ਦੇ ਨਾਮ ਉੱਤੇ ਪੰਜਾਬ ਵਾਸੀਆਂ ਨਾਲ ਧੋਖਾ ਕੀਤਾ। ਸਮਾਜ ਸੇਵੀ ਪਰਮਜੀਤ ਸਿੰਘ ਨੀਲੋਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਸ਼ਹੀਦੋ ਕੀ ਚਿਤਾਓਂ ਪੈ ਲਗੇਗੇ ਹਰ ਵਰਸ ਮੇਲੇ,ਵਤਨ ਪੇ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ,। ਸਾਨੂੰ ਸਾਰਿਆਂ ਉਹਨਾਂ ਵਲੋਂ ਦਰਸਾਏ ਮਾਰਗ ਤੇ ਚੱਲਣ ਦਾ ਪ੍ਰਣ ਕਰਨਾ ਚਾਹੀਦਾ ਹੈ। ਇਸ ਸਮੇਂ ਅੱਛਰ ਰਾਮ, ਛਿੰਦਾ ਸਿੰਘ, ਪਰਮਜੀਤ ਸਿੰਘ ਸੁੱਖੀ, ਸਵਰਨ ਸਿੰਘ ਸੰਨੀ, ਸੇਵਾ ਸਿੰਘ, ਅਸ਼ੋਕ ਕੁਮਾਰ, ਅਨੁਰਾਗ ਗਰਗ, ਮਨਪ੍ਰੀਤ ਸਿੰਘ, ਰਾਹੁਲ ਕੁਮਾਰ,ਕਰਨ ਮਾਨ, ਅਨਮੋਲ, ਮਾਨ,ਦੇਸੋਂ,ਸਾਹਿਲ, ਰਾਣਾ, ਕੁਲਵੀਰ ਸਿੰਘ, ਆਦਿ ਹਾਜ਼ਰ ਸਨ।



## ਪੰਜਾਬ ਲਈ 'ਮੇਰੇ ਸ਼ਹਿਰ ਕੇ 100 ਰਤਨ' ਸਕਾਲਰਸ਼ਿਪ ਪ੍ਰੋਗਰਾਮ ਲਾਂਚ ਹੋਇਆ

ਵਰਲਡ ਪੰਜਾਬੀ ਟਾਈਮਜ਼ – ਹਰਦੇਵ ਚੌਹਾਨ

ਚੰਡੀਗੜ੍ਹ, 23 ਮਾਰਚ : ਪੰਜਾਬ ਭਰ ਦੇ 11,700 ਹੋਣਹਾਰ ਵਿਦਿਆਰਥੀਆਂ ਲਈ ਵਿਦਿਅਕ ਮੌਕਿਆਂ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਇੱਕ ਸਕਾਲਰਸ਼ਿਪ ਪ੍ਰੋਗਰਾਮ 'ਮੇਰੇ ਸ਼ਹਿਰ ਕੇ 100 ਰਤਨ' ਚੰਡੀਗੜ੍ਹ ਵਿੱਚ ਲਾਂਚ ਕੀਤਾ ਗਿਆ।
ਇਸ ਮੌਕੇ ਪੰਜਾਬ ਦੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ, ਲਾਲਚੰਦ ਕਟਾਰੂਚੱਕ ਸਾਬਕਾ ਮੰਤਰੀ ਪਰਗਟ ਸਿੰਘ ਸਮੇਤ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।
ਇਸ ਮੌਕੇ ਪਰਗਟ ਸਿੰਘ ਨੇ ਕਿਹਾ ਕਿ ਇਹ ਪ੍ਰੋਗਰਾਮ ਪੰਜਾਬ ਦੇ ਵਿਦਿਆਰਥੀਆਂ ਦੀ ਵੱਡੀ ਮੱਦਦ ਕਰੇਗਾ।
ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਅਸੀਂ ਅਕੈਡਮੀ ਦੇ ਪਛੜੇ ਵਿਦਿਆਰਥੀਆਂ ਨੂੰ ਸਿੱਖਿਆ ਤੱਕ ਪਹੁੰਚ ਪ੍ਰਦਾਨ ਕਰਕੇ ਉਨ੍ਹਾਂ ਨੂੰ ਉੱਚਾ ਚੁੱਕਣ ਦੇ ਦ੍ਰਿਸ਼ਟੀਕੋਣ ਦੀ ਸ਼ਲਾਘਾ ਕਰਦੇ ਹਾਂ।
ਲਾਲ ਚੰਦ ਕਟਾਰੂਚਕ ਨੇ ਕਿਹਾ: "ਇਹ ਪ੍ਰੋਗਰਾਮ ਵਿਦਿਆਰਥੀਆਂ ਨੂੰ ਮੈਟਰੋ ਸ਼ਹਿਰਾਂ ਵਾਂਗ ਵਿਸ਼ਵ ਪੱਧਰੀ ਸਿੱਖਿਆ ਤੱਕ ਪਹੁੰਚ ਪ੍ਰਾਪਤ ਕਰਨ ਵਿੱਚ ਮਦਦ ਕਰੇਗਾ।"
ਕਰੈਕ ਅਕੈਡਮੀ ਦੇ ਸੰਸਥਾਪਕ, ਨੀਰਜ ਕਾਂਸਲ ਨੇ ਕਿਹਾ, "ਸਕਾਲਰਸ਼ਿਪ ਪ੍ਰੋਗਰਾਮ ਪੰਜਾਬ ਦੇ ਹਰੇਕ ਹਲਕੇ ਤੋਂ 100 ਵਧੀਆ ਵਿਦਿਆਰਥੀਆਂ ਦੀ ਚੋਣ ਕਰਨ ਲਈ ਤਿਆਰ ਕੀਤਾ ਗਿਆ ਹੈ, ਜਿਸ ਨਾਲ ਪੰਜਾਬ ਵਿੱਚ ਕੁੱਲ 11,700 ਲਾਭਪਾਤਰੀ ਹੋਣਗੇ।"
ਵਜ਼ੀਫ਼ਾ ਪ੍ਰੋਗਰਾਮ ਵਿਦਿਆਰਥੀਆਂ ਨੂੰ ਰਾਸ਼ਟਰੀ ਪੱਧਰ ਦੀ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰੇਗਾ ਅਤੇ ਉਨ੍ਹਾਂ ਦੇ ਅਕਾਦਮਿਕ ਵਿਕਾਸ ਤੇ ਉੱਜਵਲ ਭਵਿੱਖ ਨੂੰ ਹੁਲਾਰਾ ਦੇਵੇਗਾ।



ਫੋਟੋ: ਸਕਾਲਰਸ਼ਿਪ ਪ੍ਰੋਗਰਾਮ ਲਾਂਚ ਕੀਤੇ ਜਾਣ ਦਾ ਦ੍ਰਿਸ਼ (ਚੌਹਾਨ)

## ਪਿੰਡ ਗੁੜ੍ਹੇ ਸਥਿਤ ਮਾਨ ਫਾਰਮ ਵਿੱਚ ਬੇਰ ਬਗੀਚੀ ਮੇਲਾ ਤੇ ਸ਼ਹੀਦ ਭਗਤ ਸਿੰਘ ਯਾਦਗਾਰੀ ਕਵੀ ਦਰਬਾਰ 24 ਮਾਰਚ ਨੂੰ -ਗੁਰਭਜਨ ਗਿੱਲ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ: 23 ਮਾਰਚ : ਪੰਜਾਬੀ ਲੋਕ ਵਿਰਾਸਤ ਅਕਾਡਮੀ, ਲੁਧਿਆਣਾ ਵੱਲੋਂ ਬਾਬੂਸ਼ਾਹੀ ਨੈੱਟ ਵਰਕ ਦੇ ਸਾਂਝੇ ਉੱਦਮ ਨਾਲ ਪਿੰਡ ਗੁੜ੍ਹੇ (ਨੇੜੇ ਚੌਂਕੀਮਾਨ ) ਫ਼ੀਰੋਜ਼ਪੁਰ ਰੋਡ ਲੁਧਿਆਣਾ ਵਿਖੇ ਸ. ਗੁਰਮੀਤ ਸਿੰਘ ਮਾਨ (ਰੀਟ.ਕਸਟਮ ਅਧਿਕਾਰੀ )ਦੇ ਮਾਨ ਫਾਰਮ ਹਾਊਸ ਵਿਖੇ ਬੇਰ ਬਗੀਚੀ ਮੇਲਾ 24 ਮਾਰਚ ਐਤਵਾਰ ਸਵੇਰੇ 10.30 ਵਜੇ ਕਰਵਾਇਆ ਜਾ ਰਿਹਾ ਹੈ।
ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਤੇ ਬਾਬੂਸ਼ਾਹੀ ਨੈੱਟਵਰਕ ਦੇ ਸੰਚਾਲਕ ਬਲਜੀਤ ਬੱਲੀ ਨੇ ਦੱਸਿਆ ਕਿ ਇਸ ਮੇਲੇ ਦਾ ਮਨੋਰਥ ਪੰਜਾਬ ਦੇ ਪੁਰਾਤਨ ਫ਼ਲਾਂ ਦੀ ਲੋਕ ਮਨਾਂ ਵਿੱਚ ਸਾਰਥਿਕਤਾ ਵਧਾਉਣਾ ਹੈ। ਉਨ੍ਹਾਂ ਦੱਸਿਆ ਕਿ ਬੇਰਾਂ ਦੀ ਪੌਸ਼ਟਿਕ ਮਹੱਤਤਾ, ਪਕਵਾਨ ਤੇ ਕਾਸ਼ਤ ਬਾਰੇ ਪੀ ਏ ਯੂ ਮਾਹਿਰ ਡਾ. ਅਨਿਲ ਸ਼ਰਮਾ ਦੀ ਅਗਵਾਈ ਹੇਠ ਗੱਲਬਾਤ ਕਰਨਗੇ।
ਲੋਕ ਫਨਕਾਰ ਪਾਲੀ ਦੇਤਵਾਲੀਆ, ਰਵਿੰਦਰ ਰੰਗੂਵਾਲ ਤੇ ਪਾਲੀ ਖਾਦਿਮ ਸੰਗੀਤ ਤੇ ਵਾਦਨ ਪੇਸ਼ਕਾਰੀਆਂ ਰਾਹੀਂ ਰੰਗ ਭਰਨਗੇ।
ਸ਼ਹੀਦ ਭਗਤ ਸਿੰਘ ਰਾਜਗੁਰੂ ਤੇ ਸੁਖਦੇਵ ਨੂੰ ਸਮਰਪਿਤ ਕਵੀ ਦਰਬਾਰ ਵੀ ਕਰਵਾਇਆ ਜਾਵੇਗਾ। ਕਵੀ ਦਰਬਾਰ ਦਾ ਸੰਚਾਲਨ ਪ੍ਰਭਜੋਤ ਸੋਹੀ, ਰਾਜਦੀਪ ਤੂਰ ਤੇ ਕਰਮਜੀਤ ਗਰੇਵਾਲ ਕਰਨਗੇ।
ਬੇਰਾਂ ਦੇ ਕਦਰਦਾਨਾਂ ਦੀ ਹਾਜ਼ਰੀ ਸਾਡੇ ਸੁਪਨਿਆਂ ਚ ਰੰਗ ਭਰੇਗੀ। ਇਸ ਮੇਲੇ ਵਿੱਚ ਸ਼ਾਮਿਲ ਹਰ ਵਿਅਕਤੀ ਮੁੱਖ ਮਹਿਮਾਨ ਹੋਵੇਗਾ। ਇਫਕੋ ਅਦਾਰਾ ਵੀ ਇਸ ਵਬੇਰ ਬਗੀਚਾ ਮੇਲੇ ਵਿੱਚ ਸ਼ਾਮਿਲ ਹੋ ਰਿਹਾ ਹੈ।
ਨਾਮਵਰ ਫੋਟੋ ਕਲਾਕਾਰ ਬੇਰ ਬਗੀਚਾ ਮੇਲੇ ਦੀ ਫੋਟੋਗਰਾਫ਼ੀ ਕਰਨਗੇ। ਇਸ ਮੇਲੇ ਨੂੰ ਮਾਲਵਾ ਟੀ ਵੀ ਵੱਲੋਂ ਸ. ਅੰਮ੍ਰਿਤਪਾਲ ਸਿੰਘ ਗਰੇਵਾਲ ਲਾਈਵ ਟੈਲੀਕਾਸਟ ਕਰਨਗੇ। ਸ. ਗੁਰਮੀਤ ਸਿੰਘ ਮਾਨ ਪਰਿਵਾਰ ਵੱਲੋਂ ਗੁਰੂ ਕਾ ਬਖ਼ਸ਼ਿਆ ਲੰਗਰ ਵਰਤੇਗਾ।




## ਪਰਵਾਸ ਅਤੇ ਔਰਤ ਦੀ ਬਦਲ ਰਹੀ ਭੂਮਿਕਾ ਬਾਰੇ ਸੰਵਾਦ

ਵਰਲਡ ਪੰਜਾਬੀ ਟਾਈਮਜ਼ – ਡਾ. ਭਗਵੰਤ ਸਿੰਘ

ਪਟਿਆਲਾ 23 ਮਾਰਚ: ਵਰਲਡ ਪੰਜਾਬੀ ਸੈਂਟਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪਰਵਾਸ ਅਤੇ ਔਰਤ ਦੀ ਬਦਲ ਰਹੀ ਭੂਮਿਕਾ ਵਿਸ਼ੇ ਤੇ ਸੰਵਾਦ ਗੁਰਮਤਿ ਲੋਕਧਾਰਾ ਵਿਚਾਰ ਮੰਚ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਵਿੱਚ ਵੱਡੀ ਗਿਣਤੀ ਵਿੱਚ ਦੇਸ਼ ਅਤੇ ਵਿਦੇਸ਼ ਵਿੱਚੋਂ ਵਿਦਵਾਨਾਂ ਨੇ ਹਿੱਸਾ ਲਿਆ, ਅਮਰੀਕਾ ਤੋਂ ਔਰਤਾਂ ਦੀਆਂ ਬਿਮਾਰੀਆਂ (ਔਬਸਟਰੇਟਿਕਸ ਐਂਡ ਗਾਈਨੀਕੋਲੋਜੀ) ਦੇ ਮਾਹਿਰ ਡਾ. ਪ੍ਰੀਤਕਮਲ ਕੌਰ ਚੀਮਾ ਨੇ ਮੁੱਖ ਵਕਤਾ ਵਜੋਂ ਸ਼ਮੂਲੀਅਤ ਕੀਤੀ। ਉਨ੍ਹਾਂ ਕਿਹਾ ਕਿ ਇਹ ਰੁਝਾਨ ਦੇਖਣ ਨੂੰ ਮਿਲ ਰਿਹਾ ਹੈ ਕਿ ਔਰਤਾਂ ਦੀ ਆਮਦਨ ਮਰਦਾਂ ਨਾਲੋਂ ਵਧੀ ਜਾ ਰਹੀ ਹੈ ਅਤੇ ਘਰ ਦਾ ਖਰਚਾ ਜਿਆਦਾਤਰ ਉਨ੍ਹਾਂ ਦੀ ਆਮਦਨ ਨਾਲ ਹੋ ਰਿਹਾ ਹੈ। ਪਹਿਲਾਂ ਮਰਦਾਂ ਦੀ ਆਮਦਨ ਤੇ ਹੀ ਜ਼ਿਆਦਾਤਰ ਘਰਾਂ ਦਾ ਖਰਚਾ ਚਲਦਾ ਸੀ। ਬਹੁਤ ਸਾਰੇ ਪੰਜਾਬੀ ਟਰੱਕ ਅਤੇ ਟੈਕਸੀ ਡਰਾਇਵਰ ਹਨ, ਜਿੰਨਾਂ ਦੀ ਆਮਦਨ ਬਹੁਤ ਘੱਟ ਗਈ ਹੈ। ਔਰਤਾਂ ਨਰਸਾਂ ਅਤੇ ਨੈਨੀ ਵਰਗੇ ਕੰਮਾਂ ਨਾਲ ਚੰਗੇ ਪੈਸੇ ਬਣਾ ਰਹੀਆਂ ਹਨ। ਔਰਤਾਂ ਮਰਦਾਂ ਨਾਲੋਂ ਜ਼ਿਆਦਾ ਪੜ੍ਹੀਆਂ ਲਿਖੀਆਂ ਹੋਣ ਲੱਗੀਆਂ ਹਨ ਅਤੇ ਉਨ੍ਹਾਂ ਦੀ ਅੰਗਰੇਜੀ ਬੋਲਣ ਅਤੇ ਗੱਲਬਾਤ ਕਰਨ ਦੀ ਮੁਹਾਰਤ ਵੀ ਮਰਦਾਂ ਨਾਲੋਂ ਚੰਗੀ ਹੋਈ ਜਾ ਰਹੀ ਹੈ। ਇਨ੍ਹਾਂ ਕਾਰਨਾਂ ਕਰਕੇ ਕਈ ਵਾਰੀ ਮਰਦਾਂ ਵਿੱਚ ਹੀਣ ਭਾਵਨਾ ਅਤੇ ਈਰਖਾ ਵੀ ਉਪਜਦੀ ਹੈ, ਜੋ ਕਿ ਪਰਿਵਾਰਿਕ ਕਲੇਸ਼ ਅਤੇ ਪਰਿਵਾਰਿਕ ਹਿੰਸਾ ਨੂੰ ਵੀ ਜਨਮ ਦਿੰਦੀ ਹੈ। ਦੂਜੇ ਭਾਈਚਾਰਿਆਂ ਦੀ ਤੁਲਨਾ ਵਿੱਚ ਪੰਜਾਬੀ ਭਾਈਚਾਰੇ ਵਿੱਚ ਪਰਿਵਾਰਿਕ ਹਿੰਸਾ ਬਹੁਤ ਜਿਆਦਾ ਦੇਖੀ ਜਾਂਦੀ ਹੈ, ਬੱਚਿਆਂ ਨੂੰ ਲੱਗਦਾ ਹੈ ਕਿ ਪਰਿਵਾਰਿਕ ਹਿੰਸਾ ਪੰਜਾਬੀ ਸਭਿਆਚਾਰ ਨਾਲ ਜੁੜੀ ਹੋਈ ਹੈ। ਇਸ ਲਈ ਉਹ ਪੰਜਾਬੀ ਸੱਭਿਆਚਾਰ ਤੋਂ ਦੂਰ ਹੋ ਰਹੇ) ਹਨ। ਵਿਸ਼ਵ ਚਿੰਤਕ ਡਾ. ਸਵਰਾਜ ਸਿੰਘ ਨੇ ਕਿਹਾ ਕਿ ਇਸ ਸੰਵਾਦ ਨੇ ਪ੍ਰਵਾਸ ਦਾ ਸੱਚ ਸਾਹਮਣੇ ਲਿਆਂਦਾ ਹੈ। ਉਨ੍ਹਾਂ ਕਿਹਾ ਕਿ ਪਰਵਾਸ ਜਿਆਦਾਤਰ ਝੂਠੇ ਬਿਰਤਾਂਤ ਅਤੇ ਅਧੂਰੇ ਸੱਚ ਤੇ ਹੋ ਰਿਹਾ ਹੈ। ਪਰਵਾਸ ਦੇ ਹਾਂ ਪੱਖੀ ਅਤੇ ਨਾਂਹ ਪੱਖੀ ਪੱਖਾਂ ਬਾਰੇ ਦੱਸਣ ਦੀ ਲੋੜ ਹੈ ਤਾਂ ਜੋ ਪੰਜਾਬੀ ਪਰਵਾਸ ਬਾਰੇ ਇੱਕ ਸੰਤੁਲਿਤ ਪਹੁੰਚ ਅਪਣਾ ਸਕਣ। ਡਾ. ਭਗਵੰਤ ਸਿੰਘ ਜਨਰਲ ਵੱਲੋਂ ਜਾਰੀ ਪ੍ਰੈਸ ਨੋਟ ਵਿੱਚ ਹੋਰ ਦੱਸਿਆ ਕਿ ਡਾ. ਭੀਮਇੰਦਰ ਸਿੰਘ ਡਾਇਰੈਕਟਰ ਵਰਲਡ ਪੰਜਾਬੀ ਸੈਂਟਰ ਨੇ ਕਿਹਾ ਕਿ ਉਹ ਉਨ੍ਹਾਂ ਵਿਸ਼ਿਆਂ ਤੇ ਜੋ ਪੰਜਾਬੀਆਂ ਲਈ ਸਾਰਥਿਕ ਤੇ ਮਹੱਤਵਪੂਰਣ ਹਨ। ਸੰਵਾਦ ਕਰਵਾਉਂਦੇ ਰਹਿਣਗੇ। ਇਸ ਸੰਵਾਦ ਵਿੱਚ ਹਰਜਿੰਦਰ ਸਿੰਘ ਵਾਲੀਆ, ਪ੍ਰਮਿੰਦਰ ਪਾਲ ਕੌਰ, ਤਰਲੋਚਨ ਕੌਰ, ਸਦੀਵ ਗਿੱਲ, ਇਕਬਾਲ ਗੱਜਣ, ਅੰਮ੍ਰਿਤਪਾਲ ਸਿੰਘ, ਸ਼ੈਲੀ ਤੇ ਕਿਰਨਜੀਤ ਸਿੰਘ ਢਿੱਲੋਂ ਨੇ ਹਿੱਸਾ ਲਿਆ। ਹੋਰਨਾਂ ਤੋਂ ਇਲਾਵਾ ਕੋਮਲ ਗੱਜਣ, ਗੋਪਾਲ ਸ਼ਰਮਾ, ਥਾਣਾ ਸਿੰਘ ਅਤੇ ਲਾਲੀ ਚੀਮਾਂ ਵੀ ਹਾਜਰ ਸਨ। ਗੁਰਿੰਦਰਜੀਤ ਕੌਰ ਖਹਿਰਾ ਨੇ ਚਾਹ ਪਾਣੀ ਦੀ ਸੇਵਾ ਵਿੱਚ ਹਿੱਸਾ ਪਾਇਆ ।



## ਭਗਤ ਸਿੰਘ ਦੇ ਬੋਲ



ਵਰਲਡ ਪੰਜਾਬੀ ਟਾਈਮਜ਼
ਨਰਿੰਦਰਜੀਤ ਸਿੰਘ ਬਰਾੜ

ਰੱਖ ਲਵੋ ਮੇਰੇ ਨਾਮ 'ਤੇ
ਸਕੂਲਾਂ ਕਾਲਜਾਂ ਦੇ ਨਾਮ
ਟੰਗ ਦੇਵੋ ਦਫ਼ਤਰਾਂ ਵਿਚ
ਮੇਰੀਆਂ ਫੋਟੋਆਂ

ਆਪਣੇ ਬੱਚਿਆਂ ਨੂੰ
ਭੇਜ ਦੇਵੋ ਵਿਦੇਸ਼
ਗੁਆਂਢੀ ਦੇ ਘਰ ਵਿਚ
ਲੋਚਦੇ ਰਹੋ ਮੇਰਾ ਜਨਮ

ਮਨਾ ਲਵੋ ਮੇਰਾ ਦਿਹਾੜਾ
ਸਾਲ ਦਰ ਸਾਲ
ਸੈਮੀਨਾਰਾਂ ਵਿਚ ਬੋਲੋ
ਇਨਕਲਾਬ ਦੇ ਨਾਅਰੇ

ਖਿਚਵਾ ਲਵੋ ਫੋਟੋਆਂ
ਮੇਰੇ ਬੁੱਤ ਦੇ ਨਾਲ
ਭੇਜ ਦੇਵੋ ਅਖ਼ਬਾਰਾਂ ਨੂੰ
ਪਹਿਲੇ ਪੰਨੇ 'ਤੇ ਛਪਣ ਲਈ

ਤੁਰਦੇ ਰਹੋ ਹਮੇਸ਼ਾ
ਖੱਬੇ ਹੱਥ ਹੋ ਕੇ
ਕਤਰਾਉਂਦੇ ਰਹੋ

ਸੱਚ ਬੋਲਣ ਤੋਂ

ਰੰਗਾਂ ਤੇ ਵੀ ਦੁਸਟਾਂ ਨੇ
ਕਰ ਲਿਆ ਹੈ ਕਬਜ਼ਾ
ਲਲਾਰੀ ਭਗਵੇ ਨੂੰ
ਬਸੰਤੀ ਕਹਿ ਕੇ ਰੰਗ ਰਹੇ ਨੇ

ਬਸੰਤੀ ਪੱਗ ਬੰਨ੍ਹ ਕੇ
ਸਟੇਜ 'ਤੇ ਚੜ੍ਹ ਜਾਂਦੇ ਨੇ
ਦੇ ਕੇ ਭਾਸ਼ਣ
ਖੱਟਦੇ ਨੇ ਵਾਹ ਵਾਹ

ਮੈਂ ਮੋੜ ਕੇ ਰੱਖ ਗਿਆ ਸਾਂ
ਕਿਤਾਬ ਦਾ ਪੰਨਾ
ਪੜ੍ਹੇਗੀ ਇਸ ਤੋਂ ਅੱਗੇ
ਮੇਰੀ ਨਵੀਂ ਪੀੜ੍ਹੀ

ਨੌਜਵਾਨਾਂ ਦੇ ਹੱਥ ਵਿਚੋਂ
ਖੋਹ ਲਈ ਗਈ ਹੈ ਕਿਤਾਬ
ਫੜਾ ਦਿੱਤਾ ਗਿਆ ਹੈ
ਚਿੱਟੇ ਦਾ ਟੀਕਾ

ਭੈ ਅਤੇ ਲਾਲਚ ਦੇ
ਰਸਾਇਣ ਪਾ ਪਾ ਕੇ
ਵਧਾ ਦਿੱਤੀ ਗਈ ਹੈ
ਕੱਲਰ ਦੀ ਮਾਤਰਾ

ਬੰਜਰ ਦਿਮਾਗ਼ਾਂ ਵਿਚ
ਕ੍ਰਾਂਤੀ ਦੇ ਬੀਜ ਨਹੀਂ ਪੁੰਗਰਦੇ
ਲਾਜ਼ਮੀ ਹੈ ਦਿਮਾਗ਼ਾਂ ਦਾ
ਜ਼ਰਖ਼ੇਜ਼ ਹੋਣਾ

ਮੇਰੀ ਸੋਚ ਸੁਲਗਦੀ ਏ
ਮਰੀ ਨਹੀਂ ਅਜੇ
ਜਿਸ ਦਿਨ ਭਾਂਬੜ ਉੱਠਿਆ
ਸਾੜ ਦੇਵੇਗਾ ਸਕਾਟ ਨੂੰ

## ਗ਼ਜ਼ਲ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਡੁੱਬਦੇ ਸੂਰਜ ਦੇ ਵਿੱਚ ਘੁਲ਼ਿਆ, ਕਿੱਧਰ ਸਾਡਾ ਯਾਰ ਤੁਰ ਗਿਆ।
ਦਿਲ ਦਾ ਹਾਣ ਜ਼ਬਾਨ ਦਾ ਪੱਕਾ,ਤੋੜ ਕੇ ਕੌਲ ਕਰਾਰ ਤੁਰ ਗਿਆ।

ਬੜੇ ਵਾਸਤੇ ਪਾਏ! ਹਾਏ! ਇੱਕ ਨਾ ਮੰਨੀ ਜਾਣ ਦੇ ਵੇਲ਼ੇ,
ਸਾਡੇ ਮਨ ਤੇ ਅਣਮਿਣਵਾਂ ਉਹ ਪਾ ਕੇ ਕੈਸਾ ਭਾਰ ਤੁਰ ਗਿਆ।

ਬਾਤ- ਹੁੰਗਾਰਾ ਭਰਦਾ ਭਰਦਾ, ਅਚਨਚੇਤ ਕਿਸ ਖੂਹ ਵਿੱਚ ਲੱਥਿਆ,
ਰੂਹ ਤੇ ਪੈੜਾਂ ਪਾਉਂਦਾ ਪਾਉਂਦਾ ਚੁੱਪ ਦੀ ਬੁੱਕਲ ਮਾਰ ਤੁਰ ਗਿਆ।

ਅਜੇ ਅਲਾਪ ਲਿਆ ਸੀ ਉਸ ਨੇ, ਗਾਉਣਾ ਸੀ ਜਿਸ ਹੇਕਾਂ ਲਾ ਕੇ,
ਸਾਜ਼ ਵਿਲਕਦੇ ਹਾਲੇ ਤੱਕ ਵੀ ਤੋੜ ਸਬੂਤੀ ਤਾਰ ਤੁਰ ਗਿਆ।

ਕਿੰਨੇ ਸੁਪਨੇ, ਕਿੰਨੀਆਂ ਰੀਝਾਂ, ਕੋਰੇ ਵਰਕੇ ਵਾਹੀਆਂ ਲੀਕਾਂ,
ਤੜਪ ਰਹੇ ਰੰਗ ਡੱਬੀਆਂ ਅੰਦਰ,ਸਭ ਨੂੰ ਜਿਉਂਦੇ ਮਾਰ ਤੁਰ ਗਿਆ।

ਬਾਂਸ ਦੀ ਪੋਰੀ ਛੇਕਾਂ ਵਿੰਨ੍ਹੀ, ਹੁਣ ਹੋਠਾਂ ਨੂੰ ਸਹਿਕ ਰਹੀ ਹੈ,
ਸੁਰ ਦੇ ਨਾਲ ਕਲੋਲਾਂ ਕਰਦਾ,ਕਿੱਧਰ ਕ੍ਰਿਸ਼ਨ ਮੁਰਾਰ ਤੁਰ ਗਿਆ।

ਅੱਥਰੇ ਘੋੜੇ ਮਾਰ ਪਲਾਕੀ, ਚੜ੍ਹ ਜਾਂਦਾ ਸੀ ਵਾਗਾਂ ਫੜ ਕੇ,
ਸਾਨੂੰ ਛੱਡ ਕੇ ਕਿਹੜੇ ਰਾਹੀਂ, ਸਾਡਾ ਪੌਣ ਸਵਾਰ ਤੁਰ ਗਿਆ।

## ਦਲ ਬਦਲਣ ਦੀ ਰੁੱਤ ਆਈ ਹੈ

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸਿੰਘ ਮਾਨ

ਦਲ ਬਦਲਣ ਦੀ ਰੁੱਤ

ਦਲ ਬਦਲ ਲਉ ਭਾਈ।

ਉਸ ਦਲ 'ਚ ਪਹੁੰਚ ਜਾਉ

ਜਿਸ 'ਚ ਹੋਵੇ ਵੱਧ ਕਮਾਈ।

ਨਵੇਂ ਦਲ 'ਚ ਜਾ ਕੇ

ਗਲ਼ ਹਾਰ ਪੁਆ ਲਉ।

ਗੱਲਾਂ ਦਾ ਕੜਾਹ ਬਣਾ ਕੇ

ਉਸ ਦਲ ਤੇ ਛਾ ਜਾਉ।

ਭਾਵੇਂ ਨਵੇਂ ਦਲ 'ਚ ਜਾ ਕੇ

ਉੱਥੇ ਪੈਰ ਟਿਕਾਣੇ ਔਖੇ।

ਜਿਹੜੇ ਕੰਮ ਲੱਗਣ ਔਖੇ

ਉਹ ਬਾਅਦ 'ਚ ਹੋ ਜਾਂਦੇ ਸੌਖੇ।

ਪ੍ਰਧਾਨ ਜੀ ਦੇ ਗੋਡੀਂ ਹੱਥ

ਜ਼ਰਾ ਚੱਜ ਨਾਲ ਲਾਇਉ।

ਮੰਨ ਲਉ ਗੱਲ ਮੇਰੀ ਚੁੱਪ ਕਰਕੇ

ਫਿਰ ਪਿੱਛੋਂ ਨਾ ਪਛਤਾਇਉ।

ਜਿਹੜੇ ਸਮੇਂ ਸਿਰ ਫੁਰਤੀ ਨਾਲ

ਫੈਸਲਾ ਨਹੀਂ ਲੈਂਦੇ।

ਉਨ੍ਹਾਂ ਨੂੰ ਫਿਰ ਰੋਣਾ ਪੈਂਦਾ

ਸਿਆਣੇ ਇਹ ਕਹਿੰਦੇ।

## ਮਾਂ-ਬੋਲੀ ਪੰਜਾਬੀ




ਵਰਲਡ ਪੰਜਾਬੀ ਟਾਈਮਜ਼
ਅਰਮਾਨਦੀਪ ਸਿੰਘ

ਪੰਜਾਬੀ ਸਾਡੀ ਮਾਂ-ਬੋਲੀ ਹੈ। ਇਹ ਬੋਲੀ ਅਸੀਂ ਆਪਣੀ ਮਾਂ ਤੋਂ ਸਿੱਖਦੇ ਹਾਂ ਮਾਂ ਪਿਉ ਦੀਆਂ ਝਿੜਕਾਂ ਤੇ ਪਿਆਰ ਸਾਨੂੰ ਸਾਡੀ ਮਾਂ ਬੋਲੀ ਵਿੱਚ ਹੀ ਮਿਲ਼ਦਾ ਹੈ। ਇਹ ਬੋਲੀ ਸਾਡੇ ਵਿਰਸੇ ਨਾਲ ਜੁੜੀ ਹੋਈ ਹੈ। ਇਸ ਬੋਲੀ ਤੋਂ ਸਾਨੂੰ ਸਾਡੇ ਵੱਡੇ ਵਡੇਰਿਆਂ ਬਾਰੇ ਜਾਣਕਾਰੀ ਮਿਲਦੀ ਹੈ। ਇਸ ਬੋਲੀ ਵਿੱਚ ਸਾਡਾ ਸੱਭਿਆਚਾਰ ਜਿਉਂਦਾ ਹੈ। ਸਾਡੇ ਗੁਰੂਆਂ ਨੇ ਇਸ ਬੋਲੀ ਨੂੰ ਮਾਣ ਬਖ਼ਸ਼ਿਆ ਹੈ ਇਸ ਲਈ ਇਹ ਆਪਣੇ ਆਪ ਵਿੱਚ ਹੀ ਮਹਾਨ ਬੋਲੀ ਹੈ। ਇਸ ਬੋਲੀ ਨਾਲ ਸਾਡਾ ਇਤਿਹਾਸ ਜੁੜਿਆ ਹੋਇਆ ਹੈ। ਇਹ ਪੰਜਾਬੀ ਬੋਲੀ ਪੂਰੀ ਦੁਨੀਆ ਵਿੱਚ ਆਪਣੀ ਇੱਕ ਵੱਖਰੀ ਪਹਿਚਾਣ ਬਣਾ ਚੁੱਕੀ ਹੈ। ਵਿਦੇਸ਼ਾਂ ਵੱਲ ਲੱਗੀ ਦੌੜ ਕਰਕੇ ਅੱਜ ਦੀ ਨਵੀਂ ਪੀੜ੍ਹੀ ਇਸ ਬੋਲੀ ਤੋਂ ਦੂਰ ਹੋ ਰਹੀ ਹੈ। ਜਦ ਮੈਂ ਆਪਣੀ ਮਾਂ-ਬੋਲੀ ਵਿੱਚ ਪੜ੍ਹਦਾ ਤੇ ਲਿਖਦਾਂ ਹਾਂ ਤਾਂ ਮੈਨੂੰ ਮਾਣ ਮਹਿਸੂਸ ਹੁੰਦਾ ਹੈ। ਆਓ ਆਪਾਂ ਆਪਣੀ ਮਾਂ-ਬੋਲੀ ਪੰਜਾਬੀ 'ਤੇ ਮਾਣ ਕਰੀਏ।

## ਕੇਜਰੀਵਾਲ ਦੀ ਗ੍ਰਿਫ਼ਤਾਰੀ ਭਰਿਸ਼ਟਾਚਾਰ ਵਿਰੁੱਧ ਮੁਹਿੰਮ ਜਾਂ ਬਦਲਾਖ਼ੋਰੀ




ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ

ਪਿਛਲੇ 10 ਸਾਲਾਂ ਤੋਂ ਸਾਰੀਆਂ ਸਿਆਸੀ ਪਾਰਟੀਆਂ ਆਪਣੇ ਵਿਰੋਧੀਆਂ ਨੂੰ ਨੀਵਾਂ ਵਿਖਾਉਣ ਲਈ ਕੇਸ ਦਰਜ ਕਰਦੀਆਂ ਰਹਿੰਦੀਆਂ ਹਨ। ਇਸੇ ਸੰਧਰਵ ਵਿੱਚ ਆਮ ਆਦਮੀ ਪਾਰਟੀ ਕੇਜਰੀਵਾਲ ਦੀ ਗ੍ਰਿਫ਼ਤਾਰੀ ਨੂੰ ਬਦਲਾਖ਼ੋਰੀ ਅਤੇ ਕੇਂਦਰ ਸਰਕਾਰ ਭਰਿਸ਼ਟਾਚਾਰ ਵਿਰੁੱਧ ਕਾਰਵਾਈ ਕਹਿ ਰਹੀ ਹੈ। ਇਸ ਦਾ ਫ਼ੈਸਲਾ ਕੋਰਟ ਕਰੇਗੀ, ਪ੍ਰੰਤੂ ਸਾਡਾ ਜੁਡੀਸ਼ੀਅਲ ਸਿਸਟਮ ਜਲਦੀ ਫ਼ੈਸਲੇ ਨਹੀਂ ਕਰਦਾ, ਜਿਸ ਕਰਕੇ ਪੀੜਤ ਦਾ ਨੁਕਸਾਨ ਹੋ ਜਾਂਦਾ ਹੈ। 10- 15 ਸਾਲ ਬਾਅਦ ਬਰੀ ਹੋਣ ਦਾ ਕੋਈ ਲਾਭ ਨਹੀਂ ਹੁੰਦਾ। ਮਨੀ ਲਾਂਡਰਿੰਗ ਦੀ ਧਾਰਾ 19 ਵਿੱਚ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਨਾਲ ਆਮ ਆਦਮੀ ਪਾਰਟੀ ਦੀ ਹੋਂਦ ਨੂੰ ਖ਼ਤਰਾ ਪੈਦਾ ਹੋ ਗਿਆ ਹੈ। ਇਸ ਤੋਂ ਪਹਿਲਾਂ ਇਸ ਸ਼ਰਾਬ ਘੁਟਾਲੇ ਵਿੱਚ ਗ੍ਰਿਫ਼ਤਾਰ ਹੋਏ ਮਨੀਸ਼ ਸਿਸੋਦੀਆਂ ਅਤੇ ਸੰਜੇ ਸਿੰਘ ਨੂੰ ਸੁਪਰੀਮ ਕੋਰਟ ਨੇ ਵੀ ਜ਼ਮਾਨਤ ਨਹੀਂ ਦਿੱਤੀ। ਮਨੀਸ਼ ਸਿਸੋਦੀਆ ਨੂੰ ਤਾਂ ਗ੍ਰਿਫ਼ਤਾਰ ਹੋਏ ਨੂੰ ਇਕ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ। ਇਸ ਤੋਂ ਲੱਗਦਾ ਹੈ ਕਿ ਇਹ ਕੇਸ ਮਜ਼ਬੂਤ ਹੈ, ਜਿਸ ਕਰਕੇ ਜ਼ਮਾਨਤ ਨਹੀਂ ਮਿਲ ਰਹੀ। ਇਹ ਵੀ ਸਾਫ਼ ਹੋ ਗਿਆ ਹੈ ਕਿ ਮਨੀਸ਼ ਸਿਸੋਦੀਆ ਅਤੇ ਸੰਜੇ ਸਿੰਘ ਦੀ ਤਰ੍ਹਾਂ ਅਰਵਿੰਦ ਕੇਜਰੀਵਾਲ ਨੂੰ ਵੀ ਜਲਦੀ ਕੀਤਿਆਂ ਜ਼ਮਾਨਤ ਨਹੀਂ ਮਿਲੇਗੀ। ਕਿਉਂਕਿ ਇੱਕ ਵਰਤਮਾਨ ਮੁੱਖ ਮੰਤਰੀ ਨੂੰ ਈ.ਡੀ.ਨੇ ਪੱਕੇ ਪੈਰੀਂ ਹੱਥ ਪਾਇਆ ਹੋਵੇਗਾ। ਕੇਜਰੀਵਾਲ ਤੋਂ ਪਹਿਲਾਂ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੁਰੇਨ ਨੂੰ ਈ.ਡੀ.ਨੇ ਗ੍ਰਿਫ਼ਤਾਰ ਕੀਤਾ ਸੀ, ਉਸ ਨੂੰ ਵੀ ਅਸਤੀਫ਼ਾ ਦੇਣਾ ਪਿਆ ਸੀ ਪ੍ਰੰਤੂ ਕੇਜਰੀਵਾਲ ਨੇ ਅਸਤੀਫ਼ਾ ਨਹੀਂ ਦਿੱਤਾ। ਆਮ ਆਦਮੀ ਨਵੀਂ ਪਾਰਟੀ ਹੈ, ਸਿਰਫ਼ ਪੰਜਾਬ ਅਤੇ ਦਿੱਲੀ ਤੱਕ ਹੀ ਸੀਮਤ ਹੈ। ਆਮ ਆਦਮੀ ਪਾਰਟੀ ਵਿਚਲੇ ਨੇਤਾ ਡੱਡੂਆਂ ਦੀ ਪੰਸੇਰੀ ਦੀ ਤਰ੍ਹਾਂ ਹਨ, ਜਿਹੜੇ ਵੱਖ ਵੱਖ ਪਾਰਟੀਆਂ ਵਿੱਚੋਂ ਨਿਕਲ ਕੇ ਆਏ ਹਨ। ਉਹ ਵਾਪਸ ਆਪੋ ਆਪਣੀਆਂ ਪਾਰਟੀਆਂ ਵਿੱਚ ਜਾ ਸਕਦੇ ਹਨ। ਸਿਆਸੀ ਮਾਹਿਰਾਂ ਅਨੁਸਾਰ ਇਹ ਪਾਰਟੀ ਜਲਦੀ ਹੀ ਖਖੜੀਆਂ ਖੱਖੜੀਆਂ ਹੋ ਜਾਵੇਗੀ। ਲੋਕ ਸਭਾ ਦੀ ਚੋਣ ਸਿਰ 'ਤੇ ਖੜ੍ਹੀ ਹੈ। ਉਮੀਦਵਾਰਾਂ ਦੀ ਚੋਣ ਕਰਨੀ ਹੈ, ਫਿਰ ਉਨ੍ਹਾਂ ਦੇ ਪ੍ਰਚਾਰ ਕਰਨ ਵਾਲਾ ਕੌਮੀ ਪੱਧਰ ਦਾ ਭਗਵੰਤ ਸਿੰਘ ਮਾਨ ਤੋਂ ਸਿਵਾਏ ਹੋਰ ਕੋਈ ਨੇਤਾ ਮੌਜੂਦ ਨਹੀਂ ਹੈ। ਅਖੌਤੀ ਇਮਾਨਦਾਰੀ ਦੀਆਂ ਨੀਂਹਾਂ 'ਤੇ ਖੜ੍ਹੀ ਕੀਤੀ ਆਮ ਆਦਮੀ ਪਾਰਟੀ ਦੇ ਸੁਪਰੀਮੋ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਸ਼ਰਾਬ ਘੁਟਾਲੇ ਵਿੱਚ ਗ੍ਰਿਫ਼ਤਾਰ ਹੋਣਾ, ਉਸ ਦੇ ਕਿਰਦਾਰ ਤੇ ਧੱਬਾ ਹੈ। ਹੈਰਾਨੀ ਵਾਲੀ ਗੱਲ ਹੈ ਕਿ ਆਪਣੇ ਆਪ ਨੂੰ ਇਮਾਨਦਾਰੀ ਦਾ ਬਾਦਸ਼ਾਹ ਸਮਝਣ ਵਾਲਾ ਭਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਕਿਉਂ ਗ੍ਰਿਫ਼ਤਾਰ ਹੋਇਆ ਹੈ? ਭਰਿਸ਼ਟਾਚਾਰ ਵਿਰੋਧੀ ਮੁਹਿੰਮ ਦਾ ਆਪਣੇ ਆਪ ਨੂੰ ਜਨਮਦਾਤਾ ਕਹਾਉਣ ਵਾਲਾ ਨੇਤਾ ਭਰਿਸ਼ਟਾਚਾਰ ਦੇ ਇਲਜ਼ਾਮ ਨਾਲ ਹੀ ਗ੍ਰਿਫ਼ਤਾਰ ਹੋ ਗਿਆ ਹੈ। ਵੈਸੇ ਤਾਂ ਹਰ ਸਿਆਸਤਦਾਨ ਆਪਣੇ ਆਪ ਨੂੰ ਸਭ ਤੋਂ ਇਮਾਨਦਾਰ ਕਹਿੰਦਾ ਹੈ, ਇਮਾਨਦਾਰ ਹੋਣਾ ਵੀ ਚਾਹੀਦਾ। ਆਪਣੇ ਆਪ ਨੂੰ ਇਮਾਨਦਾਰ ਕਹਿਣਾ ਚੰਗੀ ਗੱਲ ਹੈ ਪ੍ਰੰਤੂ ਆਪਣੇ ਤੋਂ ਬਿਨਾ ਸਾਰਿਆਂ ਨੂੰ ਭਰਿਸ਼ਟ ਕਹਿਣਾ ਚੰਗੀ ਸੋਚ ਨਹੀਂ। ਸਿਆਸਤਦਾਨ ਕਹਿਣ ਨਾਲ ਇਮਾਨਦਾਰ ਨਹੀਂ ਬਣ ਜਾਂਦਾ, ਪ੍ਰੰਤੂ ਉਸ ਦੇ ਫ਼ੈਸਲਿਆਂ ਤੇ ਵਿਵਹਾਰ ਤੋਂ ਇਮਾਨਦਾਰੀ ਪ੍ਰਤੱਖ ਵਿਖਾਈ ਵੀ ਦੇਣੀ ਚਾਹੀਦੀ ਹੈ। ਜੇ ਲੋਕਾਈ ਇਮਾਨਦਾਰ ਕਹੇ ਤਾਂ ਗੱਲ ਬਣਦੀ ਹੈ। ਜਦੋਂ ਸਿਆਸਤਦਾਨ ਆਪਣੀ ਮਰਜੀ ਅਨੁਸਾਰ ਕਾਨੂੰਨਾ ਦੀ ਵਿਆਖਿਆ ਕਰਨ ਲੱਗਦੇ ਹਨ ਤਾਂ ਉਨ੍ਹਾਂ ਦੀ ਇਮਾਨਦਾਰੀ ਸ਼ੱਕ ਦੇ ਘੇਰੇ ਵਿੱਚ ਆ ਜਾਂਦੀ ਹੈ ਅਤੇ ਇਕ ਨਾ ਇਕ ਦਿਨ ਇਮਾਨਦਾਰੀ ਪਰਦਾ ਫਾਸ਼ ਹੋ ਜਾਂਦਾ ਹੈ। ਜਿਸ ਸ਼ਰਾਬ ਦੀ ਨੀਤੀ ਕਰਕੇ ਅਰਵਿੰਦ ਕੇਜਰੀਵਾਲ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਇਸ ਨੂੰ ਅਰਵਿੰਦ ਕੇਜਰੀਵਾਲ ਦਾ ਬਰੇਨ ਚਾਈਲਡ ਕਿਹਾ ਜਾਂਦਾ ਹੈ। ਇਹ ਪਾਲਿਸੀ ਬਣਾਉਣ ਲਈ ਅਰਵਿੰਦ ਕੇਜਰੀਵਾਲ ਦੇ ਘਰ ਮੀਟਿੰਗਾਂ ਹੁੰਦੀਆਂ ਰਹੀਆਂ। ਅਰਵਿੰਦ ਕੇਜਰੀਵਾਲ ਦੀ ਅੱਖ ਦਾ ਤਾਰਾ ਮਨੀਸ਼ ਸਿਸੋਦੀਆਂ ਉਪ ਮੁੱਖ ਮੰਤਰੀ ਦਿੱਲੀ ਆਬਕਾਰੀ ਤੇ ਕਰ ਵਿਭਾਗ ਦੇ ਮੰਤਰੀ ਸਨ। 17 ਨਵੰਬਰ 2021 ਨੂੰ ਅਰਵਿੰਦ ਕੇਜਰੀਵਾਲ ਦੀ ਦਿੱਲੀ ਸਰਕਾਰ ਨੇ 2021-22 ਦੀ ਨਵੀਂ ਆਬਕਾਰੀ ਨੀਤੀ ਲਿਆਂਦੀ ਸੀ। ਰਾਜਪਾਲ ਕੋਲ ਇਸ ਨੀਤੀ ਰਾਹੀਂ ਹੋਏ ਘਪਲੇ ਦੀ ਰਿਪੋਰਟ ਮੁੱਖ ਸਕੱਤਰ ਨੇ ਭੇਜੀ ਸੀ ਤਾਂ 20 ਜੁਲਾਈ 2022 ਨੂੰ ਦਿੱਲੀ ਦੇ ਲੈਫ਼ ਗਵਰਨਰ ਕੇ.ਕੇ.ਸਕਸੈਨਾ ਨੇ ਇਸ ਨੀਤੀ ਦੀ ਪੜਤਾਲ ਕਰਨ ਲਈ ਸੀ.ਬੀ.ਆਈ. ਨੂੰ ਹੁਕਮ ਕਰ ਦਿੱਤੇ। 17 ਅਗਸਤ 2022 ਨੂੰ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਸਮੇਤ 10 ਵਿਅਕਤੀਆਂ ਵਿਰੁੱਧ ਸੀ.ਬੀ.ਆਈ. ਨੇ ਕੇਸ ਰਜਿਸਟਰ ਕੀਤਾ ਸੀ। ਦਿੱਲੀ ਸਰਕਾਰ ਨੇ ਘਬਰਾਹਟ ਵਿੱਚ ਆ ਕੇ 31 ਅਗਸਤ 2022 ਨੂੰ 9 ਮਹੀਨੇ ਬਾਅਦ ਨਵੀਂ ਨੀਤੀ ਰੱਦ ਕਰਕੇ ਪੁਰਾਣੀ ਨੀਤੀ ਲਾਗੂ ਕਰ ਦਿੱਤੀ ਸੀ। ਜੇ ਨਵੀਂ ਨੀਤੀ ਠੀਕ ਸੀ, ਫਿਰ ਉਸ ਨੂੰ ਰੱਦ ਕਿਉਂ ਕੀਤਾ? ਏਥੇ ਹੀ ਸ਼ੱਕ ਪੈਦਾ ਹੋ ਜਾਂਦੀ ਹੈ। 25 ਨਵੰਬਰ 2022 ਨੂੰ ਸੀ.ਬੀ.ਆਈ. ਨੇ ਪੜਤਾਲ ਕਰਨ ਤੋਂ ਬਾਅਦ ਕੋਰਟ ਵਿੱਚ ਚਾਰਜਸ਼ੀਟ ਦਰਜ ਕਰ ਦਿੱਤੀ। 26 ਫ਼ਰਵਰੀ 2023 ਨੂੰ ਸੀ.ਬੀ.ਆਈ.ਨੇ ਮਨੀਸ਼ ਸਿਸੋਦੀਆ ਗ੍ਰਿਫ਼ਤਾਰ ਕਰ ਲਿਆ ਗਿਆ। 28 ਫ਼ਰਵਰੀ ਨੂੰ ਮਨੀਸ਼ ਸਿਸੋਦੀਆ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। 9 ਮਾਰਚ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਮਨੀਸ਼ ਸਿਸੋਦੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਕੇਸ ਵਿੱਚ 100 ਕਰੋੜ ਰੁਪਏ ਦੀ ਰਿਸ਼ਵਤ ਲੈਣ ਦਾ ਦੋਸ਼ ਹੈ। ਸ਼ਰਾਬ ਦੇ ਕਾਰੋਬਾਰੀ ਸਾਊਥ ਗਰੁਪ ਨੂੰ ਇਸ ਨੀਤੀ ਅਧੀਨ ਸ਼ਰਾਬ ਦੇ ਠੇਕੇ ਦੇਣ ਲਈ ਰਿਸ਼ਵਤ ਦੇਣ ਦਾ ਇਲਜ਼ਾਮ ਹੈ। ਹੁਣ ਤੱਕ ਇਸ ਕੇਸ ਵਿੱਚ 32 ਵਿਅਕਤੀ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚ 7 ਵਿਓਪਾਰੀ, ਅਰਵਿੰਦ ਕੇਜਰੀਵਾਲ ਤੋਂ ਇਲਾਵਾ ਤਿੰਨ ਪ੍ਰਮੁੱਖ ਵਿਅਕਤੀ ਸਿਆਸਤਦਾਨ ਮਨੀਸ਼ ਸਿਸੋਦੀਆ, ਸੰਜੇ ਸਿੰਘ ਮੈਂਬਰ ਰਾਜ ਸਭਾ ਅਤੇ ਤੇਲੰਗਨਾ ਦੇ ਸਾਬਕਾ ਮੁੱਖ ਮੰਤਰੀ ਕੇ.ਚੰਦਰਾਸ਼ੇਖ਼ਰ ਦੀ ਲੜਕੀ ਕੇ.ਕਵਿਥਾ। ਈ.ਡੀ.ਨੇ ਅਰਵਿੰਦ ਕੇਜਰੀਵਾਲ ਨੂੰ 9 ਵਾਰ ਸੰਮਨ ਭੇਜ ਕੇ ਪੜਤਾਲ ਵਿੱਚ ਸ਼ਾਮਲ ਹੋਣ ਲਈ ਕਿਹਾ। ਪ੍ਰੰਤੂ ਅਰਵਿੰਦ ਕੇਜਰੀਵਾਲ ਹਰ ਵਾਰ ਸੰਮਣਾਂ ਨੂੰ ਗ਼ੈਰ ਕਾਨੂੰਨੀ ਕਹਿੰਦਾ ਰਿਹਾ। ਇੱਕ ਮੁੱਖ ਮੰਤਰੀ ਵਰਗੇ ਜ਼ਿੰਮੇਵਾਰ ਅਹੁਦੇ 'ਤੇ ਬੈਠੇ ਵਿਅਕਤੀ ਨੂੰ ਤਾਂ ਕਾਨੂੰਨ ਦਾ ਪਾਬੰਦ ਹੋਣਾ ਬਣਦਾ ਹੈ। ਉਸ ਨੂੰ ਈ.ਡੀ. ਦੇ ਬੁਲਾਉਣ 'ਤੇ ਪੜਤਾਲ ਵਿੱਚ ਸ਼ਾਮਲ ਹੋਣਾ ਚਾਹੀਦਾ ਸੀ। ਜੇਕਰ ਉਹ ਸੱਚੇ ਸੁੱਚੇ ਸਨ ਹਨ ਤਾਂ ਪੜਤਾਲ ਵਿੱਚ ਸ਼ਾਮਲ ਹੋਣ ਤੋਂ ਆਨਾਕਾਨੀ ਕਰਨਾ ਉਨ੍ਹਾਂ ਨੂੰ ਸ਼ੋਭਦਾ ਨਹੀਂ ਸੀ। ਅਖ਼ੀਰ ਉਹ ਹਾਈ ਕੋਰਟ ਵਿੱਚ ਚਲਾ ਗਿਆ। ਹਾਈਕੋਰਟ ਤੋਂ ਰਾਹਤ ਨਾ ਮਿਲਣ ਤੋਂ ਬਾਅਦ ਈ.ਡੀ.ਨੇ ਮੁੱਖ ਮੰਤਰੀ ਦੀ ਰਹਾਇਸ਼ ਤੇ ਪਹੁੰਚਕੇ ਦੋ ਘੰਟੇ ਪੁੱਛ ਪੜਤਾਲ ਕੀਤੀ। ਅਰਵਿੰਦ ਕੇਜਰੀਵਾਲ ਆਪਣੇ ਜਵਾਬਾਂ ਵਿੱਚ ਈ.ਡੀ ਅਧਿਕਾਰੀਆਂ ਨੂੰ ਸੰਤੁਸ਼ਟ ਨਹੀਂ ਕਰ ਸਕੇ, ਜਿਸ ਕਰਕੇ ਗ੍ਰਿਫ਼ਤਾਰੀ ਹੋਈ। ਅਰਵਿੰਦ ਕੇਜਰੀਵਾਲ ਦੀ ਇਮਾਨਦਾਰੀ ਤਾਂ ਸ਼ੱਕ ਦੇ ਘੇਰੇ ਵਿੱਚ ਆ ਗਈ ਹੈ। ਅਰਵਿੰਦ ਕੇਜਰੀਵਾਲ ਦੇ ਗ੍ਰਿਫ਼ਤਾਰ ਹੋਣ ਨਾਲ ਆਮ ਆਦਮੀ ਪਾਰਟੀ ਵਿੱਚ ਹੜਕੰਪ ਮੱਚ ਗਿਆ ਹੈ। ਆਮ ਆਦਮੀ ਪਾਰਟੀ ਲਈ ਅਗਲਾ ਰਸਤਾ ਸੌਖਾ ਨਹੀਂ ਹੈ ਕਿਉਂਕਿ ਅਜੇ ਤੱਕ ਉਸਨੇ ਆਪਣੀ ਪਾਰਟੀ ਦੇ ਕਿਸੇ ਵੀ ਨੇਤਾ ਨੂੰ ਸਿਆਸੀ ਤੌਰ 'ਤੇ ਉਭਰਨ ਹੀ ਨਹੀਂ ਦਿੱਤਾ। ਪਾਰਟੀ ਵਿੱਚ ਕੇਜਰੀਵਾਲ ਦੀ ਗ਼ੈਰਹਾਜ਼ਰੀ ਵਿੱਚ ਪਾਰਟੀ ਦੀ ਵਾਗ ਡੋਰ ਕੌਣ ਸੰਭਾਲੇਗਾ, ਇਹ ਸਵਾਲੀਆ ਚਿੰਨ੍ਹ ਲੱਗਾ ਹੋਇਆ ਹੈ?

Êਕੀ ਪੰਜਾਬ ਦੀ ਸਿਆਸਤ 'ਤੇ ਕੇਜਰੀਵਾਲ ਦੀ ਗ੍ਰਿਫ਼ਤਾਰੀ ਦਾ ਕੋਈ ਪ੍ਰਭਾਵ ਪੈ ਸਕਦਾ ਹੈ? ਸਿਆਸੀ ਹਲਕਿਆ ਵਿੱਚ ਇਹ ਚਰਚਾ ਦਾ ਵਿਸ਼ਾ ਬਣਿਆਂ ਹੋਇਆ ਹੈ। ਕਿਹਾਜਾਂਦਾਹੈ ਕਿ ਦਿੱਲੀ ਦੀ ਆਬਕਾਰੀ ਪਾਲਿਸੀ ਪੰਜਾਬ ਵਿੱਚ ਵੀ ਲਾਗੂ ਕੀਤੀ ਹੋਈ ਹੈ। ਇਥੋਂ ਤੱਕ ਕਿ ਪੰਜਾਬ ਦੇ ਅਧਿਕਾਰੀਆਂ ਨੂੰ ਦਿੱਲੀ ਬੁਲਾ ਕੇ ਪੰਜਾਬ ਦੀ ਪਾਲਿਸੀ ਸੰਬੰਧੀ ਹਦਾਇਤਾਂ ਦਿੱਤੀਆਂ ਗਈਆਂ ਸਨ। ਇਸ ਲਈ ਪੰਜਾਬ ਦੇ ਤਿੰਨ ਆਈ.ਏ.ਐਸ.ਅਧਿਕਾਰੀਆਂ ਤੋਂ ਪੁੱਛ ਪੜਤਾਲ ਵੀ ਕੀਤੀ ਗਈ ਸੀ। ਸੀ.ਬੀ.ਆਈ.ਨੇ ਇਨ੍ਹਾਂ ਅਧਿਕਾਰੀਆਂ 'ਤੇ ਕੇਸ ਚਲਾਉਣ ਦੀ ਪੰਜਾਬ ਸਰਕਾਰ ਤੋਂ ਮੰਗ ਕੀਤੀ ਸੀ ਪ੍ਰੰਤੂ ਪੰਜਾਬ ਸਰਕਾਰ ਨੇ ਅਜੇ ਤੱਕ ਇਜ਼ਾਜ਼ਤ ਨਹੀਂ ਦਿੱਤੀ। ਉਨ੍ਹਾਂ ਅਧਿਕਾਰੀਆਂ 'ਤੇ ਅਜੇ ਤੱਕ ਡੀਮੋਕਲੀ ਦੀ ਤਲਵਾਰ ਲਟਕ ਰਹੀ ਹੈ। ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੰਜਾਬ ਦੇ ਸਿਆਸਤਦਾਨਾ ਅਤੇ ਆਬਕਾਰੀ ਤੇ ਕਰ ਵਿਭਾਗ ਦੇ ਅਧਿਕਾਰੀਆਂ ਵਿੱਚ ਡਰ ਤੇ ਸਹਿਮ ਦਾ ਵਾਤਾਵਰਨ ਬਣਿਆਂ ਹੋਇਆ ਹੈ। ਇਹ ਵੀ ਵੇਖਣ ਵਾਲੀ ਗੱਲ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਸਮੇਂ ਆਮ ਆਦਮੀ ਪਾਰਟੀ 'ਤੇ ਆਪਣੀ ਸੁਪਰੀਮੇਸੀ ਬਣਾਉਣ ਵਿੱਚ ਸਫਲ ਹੋਣਗੇ ਜਾਂ ਨਹੀਂ? ਕਿਉਂਕਿ ਆਮ ਆਦਮੀ ਪਾਰਟੀ ਦੀ ਵਿਰਾਸਤ ਵਿੱਚ ਅਰਵਿੰਦ ਕੇਜਰੀਵਾਲ ਤੋਂ ਬਾਅਦ ਦੂਜੇ ਨੰਬਰ 'ਤੇ ਭਗਵੰਤ ਸਿੰਘ ਮਾਨ ਹੀ ਆਉਂਦੇ ਹਨ। ਦੂਜੇ ਵੱਡੇ ਲੀਡਰ ਮਨੀਸ਼ ਸਿਸੋਦੀਆ ਅਤੇ ਸੰਜੇ ਸਿੰਘ ਪਹਿਲਾਂ ਹੀ ਜੇਲ੍ਹ ਵਿੱਚ ਹਨ। ਭਗਵੰਤ ਸਿੰਘ ਮਾਨ ਲਈ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਪਾਰਟੀ ਤੇ ਆਪਣਾ ਦਬਦਬਾ ਬਣਾਉਣ ਲਈ ਸੁਨਹਿਰੀ ਮੌਕਾ ਸਾਬਤ ਹੋਵੇਗਾ। ਪੰਜਾਬ ਤੋਂ ਰਾਜ ਸਭਾ ਦੇ ਮੈਂਬਰ ਰਾਘਵ ਚੱਢਾ ਪਰਨੀਤੀ ਚੋਪੜਾ ਨਾਲ ਵਿਆਹ ਤੋਂ ਬਾਅਦ ਪਾਰਟੀ ਵਿੱਚ ਬਹੁਤੇ ਸਰਗਰਮ ਨਹੀਂ ਰਹੇ ਹਨ। ਇਹ ਵੀ ਹੈਰਾਨੀ ਦੀ ਗੱਲ ਹੈ ਕਿ ਉਹ ਤਾਂ ਚੋਣਾਂ ਸਮੇਂ ਇੰਗਲੈਂਡ ਵਿੱਚ ਚਲੇ ਗਏ ਹਨ। ਆਮ ਆਦਮੀ ਪਾਰਟੀ ਦੇ ਨੇਤਾ ਕੇਂਦਰ ਸਰਕਾਰ 'ਤੇ ਬਦਲਾਖ਼ੋਰੀ ਦੇ ਇਲਜ਼ਾਮ ਲਗਾ ਰਹੇ ਹਨ। ਉਹ ਇਹ ਵੀ ਕਹਿ ਰਹੇ ਹਨ ਕਿ ਕੇਂਦਰ ਸਰਕਾਰ ਸੀ.ਬੀ.ਆਈ.ਅਤੇ ਈ.ਡੀ.ਨੂੰ ਹਥਿਆਰ ਦੇ ਤੌਰ 'ਤੇ ਵਰਤ ਰਹੀ ਹੈ। ਪ੍ਰੰਤੂ ਇਹ ਆਮ ਆਦਮੀ ਪਾਰਟੀ ਦੀ ਬਦਲਾਖ਼ੋਰੀ ਬਾਰੇ ਦੋਗਲੀ ਨੀਤੀ ਹੈ। ਪੰਜਾਬ ਵਿੱਚ ਵੀ ਵਿਜੀਲੈਂਸ ਅਤੇ ਪੁਲਿਸ ਰਾਹੀਂ ਸਿਆਸਤਦਾਨਾ 'ਤੇ ਕੇਸ ਦਰਜ ਕਰਕੇ ਜੇਲ੍ਹਾਂ ਵਿੱਚ ਸੁੱਟ ਰਹੀ ਹੈ। ਕੇਂਦਰ ਵਿੱਚ ਬਦਲਾਖ਼ੋਰੀ ਪ੍ਰੰਤੂ ਪੰਜਾਬ ਵਿੱਚ ਬਦਲਾਖ਼ੋਰੀ ਨਹੀਂ। ਸੁਖਪਾਲ ਸਿੰਘ ਖਹਿਰਾ ਤੇ ਵੀ ਮਨੀ ਲਾਂਡਰਿੰਗ ਦਾ ਪਰਾਣਾ ਕੇਸ ਖੋਲ੍ਹ ਲਿਆ ਸੀ, ਜਦੋਂ ਜੇਲ੍ਹ ਵਿੱਚੋਂ ਬਾਹਰ ਆਇਆ ਇਕ ਹਰ ਕੇਸ ਪਾ ਦਿੱਤਾ ਸੀ। ਆਮ ਆਦਮੀ ਪਾਰਟੀ ਦੀ ਦੋਗਲੀ ਨੀਤੀ ਸਾਹਮਣੇ ਆ ਗਈ ਹੈ। ਹੁਣ ਉਹ ਕੇਂਦਰ ਸਰਕਾਰ ਨੂੰ ਕਿਹੜੇ ਮੂੰਹ ਨਾਲ ਬਦਲਾਖ਼ੋਰੀ ਕਹਿ ਸਕਦੇ ਹਨ। ਆਮ ਆਦਮੀ ਪਾਰਟੀ ਦੀ ਪੰਜਾਬ ਅਤੇ ਦਿੱਲੀ ਸਰਕਾਰ ਲਈ ਖ਼ਤਰੇ ਦੀ ਤਲਵਾਰ ਲਟਕ ਰਹੀ ਹੈ।